**CENTRAL UNIFIED SCHOOL DISTRICT**
**4605 North Polk Avenue**
**Fresno, CA 93722**
**Phone: (559) 274-4700**
**Fax: (559) 271-8200**
**www.centralunified.org**

**BOARD OF TRUSTEES**
**Shawn M. Brooks**
**Yesenia Z. Carrillo**
**Phillip Cervantes**
**Naindeep Singh Chann**
**Jeremy A. Mehling**
**Jason R. Paul**
**Richard A. Solis**

**ACTING SUPERINTENDENT**
**Ketti Davis**

1 ਅਗਸਤ, 2021

**2021-2022 ਸਕੂਲ ਸਾਲ ਲਈ ਦਾਖਲੇ ਦੇ ਵਿਕਲਪਾਂ ਦੀ ਸੂਚਨਾ**

ਦਾਖਲ ਹੋਏ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਕੋਲ 2021-2022 ਸਕੂਲੀ ਸਾਲ ਲਈ ਆਪਣੇ ਬੱਚੇ ਨੂੰ ਵਿਅਕਤੀਗਤ ਨਿਰਦੇਸ਼ (ਇਨ-ਪਰਸਨ)ਜਾਂ ਸੁਤੰਤਰ ਅਧਿਐਨ (ਆਪਣੇ-ਆਪ ਘਰ ਵਿੱਚ ਪੜ੍ਹਾਈ) ਲਈ ਦਾਖਲ ਕਰਨ ਦੇ ਵਿਕਲਪ ਹਨ।

ਮਾਪਿਆਂ ਅਤੇ ਸਰਪ੍ਰਸਤਾਂ ਨੂੰ ਸਿੱਖਣ ਦੇ ਵੱਖੋ ਵੱਖਰੇ ਵਿਕਲਪਾਂ ਵਿੱਚ ਦਾਖਲਾ ਕਰਵਾਉਣ ਜਾਂ ਨਾਮ ਕਢਵਾਉਣ ਲਈ ਫੈਸਲਾ ਲੈਣ ਤੋਂ ਪਹਿਲਾਂ ਵਿਦਿਆਰਥੀ-ਮਾਪੇ-ਅਧਿਆਪਕ ਕਾਨਫਰੰਸ ਵਿੱਚ ਪ੍ਰਸ਼ਨ ਪੁੱਛਣ ਲਈ ਬੇਨਤੀ ਕਰਨ ਦਾ ਅਧਿਕਾਰ ਹੈ। ਕਾਨਫਰੰਸ ਟੈਲੀਫੋਨ, ਵੀਡੀਓ ਕਾਨਫਰੰਸ ਜਾਂ ਵਿਅਕਤੀਗਤ ਤੌਰ ਤੇ ਕੀਤੀ ਜਾ ਸਕਦੀ ਹੈ। ਜੇ ਤੁਸੀਂ ਆਪਣੇ ਵਿਦਿਆਰਥੀ ਲਈ ਕਾਨਫਰੰਸ ਦੀ ਬੇਨਤੀ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਫੋਨ ਨੰਬਰ ਜਾਂ ਈਮੇਲ ਪਤੇ 'ਤੇ ਮੇਸੀ ਯੰਗ ਨਾਲ ਸੰਪਰਕ ਕਰੋ। ਜੇ ਤੁਸੀਂ ਸੁਤੰਤਰ ਅਧਿਐਨ (ਆਪਣੇ-ਆਪ ਪੜ੍ਹਾਈ) ਕਰਨ ਬਾਰੇ ਵਿਚਾਰ ਕਰ ਰਹੇ ਹੋ, ਤਾਂ ਕਿਰਪਾ ਕਰਕੇ ਸਾਨੂੰ 10 ਅਗਸਤ, 2021 ਤੱਕ ਦੱਸੋ ਤਾਂ ਜੋ ਕਲਾਸ ਦੀਆ ਅਸਾਈਨਮੈਂਟਾਂ ਤਿਆਰ ਕਰਨ ਦੇ ਦੌਰਾਨ ਅਤੇ ਨਵੇਂ ਸਕੂਲ ਸਾਲ ਦੀ ਯੋਜਨਾ ਬਣਾਉਂਦੇ ਸਮੇ ਸਾਡੇ ਕੋਲ ਸਹੀ ਦਾਖਲਾ ਨੰਬਰ ਹੋਣ।

<u>ਸੁਤੰਤਰ ਅਧਿਐਨ ਵਿੱਚ ਦਾਖਲਾ ਲੈਣ, ਇਸ ਵਿੱਚੋ ਨਾਮ ਕਢਾਉਣ ਅਤੇ ਦੁਬਾਰਾ ਦਾਖਲ ਹੋਣ ਦੀਆਂ ਪ੍ਰਕਿਰਿਆਵਾਂ</u>

2021-2022 ਸਕੂਲੀ ਸਾਲ ਲਈ ਸੁਤੰਤਰ ਅਧਿਐਨ (ਇੰਡਿਪੈਂਡੈਂਟ ਸਟੱਡੀ) ਵਿੱਚ ਦਾਖਲਾ ਲੈਣ ਲਈ, ਹਰੇਕ ਵਿਦਿਆਰਥੀ ਲਈ ਇੱਕ ਸਮਝੌਤੇ (ਐਗਰੀਮੈਂਟ) ਦਾ ਹੋਣਾ ਲਾਜ਼ਮੀ ਹੈ। ਸਮਝੌਤੇ 'ਤੇ ਵਿਦਿਆਰਥੀ ਦੇ ਮਾਪਿਆਂ, ਕਾਨੂੰਨੀ ਸਰਪ੍ਰਸਤ ਜਾਂ ਦੇਖਭਾਲ ਕਰਨ ਵਾਲੇ ਦੁਆਰਾ ਦਸਤਖਤ ਕੀਤੇ ਜਾਣੇ ਜਰੂਰੀ ਹਨ। ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ, ਵਿਦਿਆਰਥੀ ਦਾ ਵਿਅਕਤੀਗਤ ਸਿੱਖਿਆ ਪ੍ਰੋਗਰਾਮ (ਆਈਈਪੀ) ਵਿਸ਼ੇਸ਼ ਤੌਰ 'ਤੇ ਸੁਤੰਤਰ ਅਧਿਐਨ ਲਈ ਮੁਹੱਈਆ ਕਰਵਾਉਣਾ ਚਾਹੀਦਾ ਹੈ ਇਸ ਤੋਂ ਪਹਿਲਾਂ ਕਿ ਵਿਦਿਆਰਥੀ ਇਸ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦੇਵੇ।

ਜੇ ਤੁਸੀਂ ਇਸ ਸਕੂਲ ਦੇ ਸਾਲ ਦੇ ਦੌਰਾਨ ਆਪਣੇ ਵਿਦਿਆਰਥੀ ਨੂੰ ਵਿਅਕਤੀਗਤ (ਇੰਨ-ਪਰਸਨ) ਹਿਦਾਇਤਾਂ ਤੇ ਵਾਪਸ ਲਿਆਉਣਾ ਚਾਹੁੰਦੇ ਹੋ, ਤਾਂ ਤੁਸੀਂ ਹੇਠਾਂ ਦਿੱਤੀ ਗਈ ਸੰਪਰਕ ਜਾਣਕਾਰੀ ਨੂੰ ਨੋਟਿਸ ਦੇ ਸਕਦੇ ਹੋ, ਅਤੇ ਸਾਡੇ ਇਸ ਨੋਟਿਸ ਨੂੰ ਪ੍ਰਾਪਤ ਕਰਨ ਤੋ ਬਾਅਦ ਪੰਜ ਹਦਾਇਤਾਂ ਦੇ ਦਿਨਾਂ ਦੇ ਅੰਦਰ-ਅੰਦਰ ਤੁਹਾਡੇ ਵਿਦਿਆਰਥੀ ਦਾ ਵਿਅਕਤੀਗਤ ਹਦਾਇਤਾ ਲਈ ਵਾਪਸ ਆਉਣਾ ਜਰੂਰੀ ਹੋਵੇਗਾ। ਵਿਦਿਆਰਥੀ ਹੇਠਾਂ ਦਿੱਤੇ ਅਨੁਸਾਰ ਨੋਟਿਸ ਦੇ ਕੇ 2021-2022 ਸਕੂਲ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਸੁਤੰਤਰ ਅਧਿਐਨ ਵਿੱਚ ਦੁਬਾਰਾ ਦਾਖਲ ਹੋ ਸਕਦੇ ਹਨ।

<u>ਨਿਰਦੇਸ਼ਕ ਸਮਾਂ ਜੋ ਇੱਕ ਵਿਦਿਆਰਥੀ ਨੂੰ ਸੁਤੰਤਰ ਅਧਿਐਨ ਦੇ ਹਿੱਸੇ ਵਜੋਂ ਮਿਲੇਗਾ</u>

- ਟ੍ਰਾਂਜਿਸ਼ਨਲ ਕਿੰਡਰ ਤੋਂ ਲੈ ਕੇ ਤੀਜੀ ਜਮਾਤ ਤੱਕ ਲਈ, ਵਿਦਿਆਰਥੀਆਂ ਨੂੰ ਰੋਜ਼ਾਨਾ ਸਮਕਾਲੀ ਨਿਰਦੇਸ਼ ਦੇ ਮੌਕੇ ਪ੍ਰਦਾਨ ਕਰਨ ਦੀ ਯੋਜਨਾ ਹੋਵੇਗੀ।
- ਚੌਥੀ ਜਮਾਤ ਤੋਂ 8ਵੀਂ ਜਮਾਤ ਲਈ, ਰੋਜ਼ਾਨਾ ਲਾਈਵ ਇੰਟਰੈਕਸ਼ਨ ਅਤੇ ਘੱਟੋ ਘੱਟ ਹਫਤਾਵਾਰੀ ਸਮਕਾਲੀ ਨਿਰਦੇਸ਼ ਦੋਨਾਂ ਦੇ ਮੌਕੇ ਪ੍ਰਦਾਨ ਕਰਨ ਦੀ ਯੋਜਨਾ ਹੋਵੇਗੀ।
- 9ਵੀਂ ਤੋਂ 12ਵੀਂ ਜਮਾਤ ਲਈ, ਘੱਟੋ ਘੱਟ ਹਫਤਾਵਾਰੀ ਸਮਕਾਲੀ ਨਿਰਦੇਸ਼ਾਂ ਦੇ ਮੌਕੇ ਪ੍ਰਦਾਨ ਕਰਨ ਦੀ ਯੋਜਨਾ ਹੋਵੇਗੀ।
- **ਲਾਈਵ ਇੰਟਰੈਕਸ਼ਨ** ਦਾ ਮਤਲਬ ਹੈ ਵਿਦਿਆਰਥੀ ਅਤੇ ਅਧਿਆਪਕ, ਸਹਿਯੋਗੀ ਜਾਂ ਹੋਰ ਕਰਮਚਾਰੀਆਂ ਵਿਚਕਾਰ ਗੱਲਬਾਤ ਅਤੇ ਇਸ ਸਹਿਪਾਠੀ ਵੀ ਸ਼ਾਮਲ ਹੋ ਸਕਦੇ ਹਨ; ਇਹ ਗੱਲਬਾਤ ਵਿਅਕਤੀਗਤ ਰੂਪ ਵਿੱਚ, ਇੰਟਰਨੈਟ ਜਾਂ ਫ਼ੋਨ ਦੁਆਰਾ ਹੋ ਸਕਦੀ ਹੈ। **ਸਮਕਾਲੀ ਨਿਰਦੇਸ਼** ਦਾ ਅਰਥ ਹੈ ਕਲਾਸਰੂਮ ਦੀ ਤਰਾਂ ਪੜਾਈ, ਜਾਂ ਛੋਟਾ ਸਮੂਹ, ਜਾਂ ਇੱਕ ਤੋਂ ਇੱਕ ਨੂੰ ਦਿੱਤੀਆ ਵਿਅਕਤੀਗਤ ਜਾਂ ਇੰਟਰਨੈਟ ਜਾਂ ਫ਼ੋਨ ਦੁਆਰਾ ਦਿੱਤੀਆ ਗਈਆ ਹਿਦਾਇਤਾਂ ਅਤੇ ਜਿਸ ਵਿੱਚ ਵਿਦਿਆਰਥੀ ਅਤੇ ਅਧਿਆਪਕ ਦੇ ਵਿੱਚ ਦੋ-ਪੱਖੀ ਸੰਚਾਰ ਸ਼ਾਮਲ ਹੁੰਦਾ ਹੈ।

ਜੇ ਤੁਸੀਂ ਆਪਣੇ ਵਿਦਿਆਰਥੀ ਜਾਂ ਵਿਦਿਆਰਥੀਆਂ ਲਈ ਸੁਤੰਤਰ ਅਧਿਐਨ ਵਿੱਚ ਦਿਲਚਸਪੀ ਰੱਖਦੇ ਹੋ, ਜਾਂ ਸਟਾਫ ਨਾਲ ਇਸ ਸੰਬੰਧੀ ਕਾਨਫਰੰਸ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਫੋਨ ਨੰਬਰ ਜਾਂ ਈ-ਮੇਲ ਪਤੇ 'ਤੇ ਸਾਡੇ ਨਾਲ ਸੰਪਰਕ ਕਰੋ: ਮੇਸੀ ਯੰਗ, ਸੁਪਰਵਾਈਜ਼ਰ, ਵਿਦਿਆਰਥੀ ਸਹਾਇਤਾ ਸੇਵਾਵਾਂ 559.274.4700 ਈਮੇਲ: myoung@centralusd.k12.ca.us